# ਬਰਤਾਨਵੀ ਮੰਤਰੀ ਮੰਡਲ

# British Cabinet

# ਬਰਤਾਨਵੀ ਮੰਤਰੀ ਮੰਡਲ ਪ੍ਰਣਾਲ਼ੀ ਦਾ ਵਿਕਾਸ

- 7ਵੀਂ - 11ਵੀਂ ਸਦੀ =ਵਾਈਟਨਾਜੇਮੋਟ

  (Witenagemot)

- 11ਵੀਂ ਸਦੀ ਤੋਂ =ਮਹਾਨ ਪ੍ਰੀਸ਼ਦ

  (Great Council or Magnum Concilium)

  'ਕਿਉਰੀਆ ਰੀਜਿਸ' (Curia Regis)

- 15ਵੀਂ ਸਦੀ =ਪ੍ਰਿਵੀ ਕੌਂਸਿਲ (Privy Council)
- 17ਵੀਂ ਸਦੀ ='ਕੇਬਲ' (CABLE)

Clifford, Arlingtone, Buckingham, Ashley and Ladurdale

# ਬਰਤਾਨਵੀ ਮੰਤਰੀ ਮੰਡਲ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ

# FEATURES OF THE BRITISH CABINET SYSTEM

# 1. ਨਾਂ–ਮਾਤਰ ਕਾਰਜਪਾਲਿਕਾ

# Nominal Executive)


- ਇੰਗਲੈਂਡ ਦੀ ਮੰਤਰੀ ਮੰਡਲ ਪ੍ਰਣਾਲੀ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਇੱਕ ਨਾਂ–ਮਾਤਰ ਕਾਰਜਪਾਲਿਕਾ ਹੁੰਦੀ ਹੈ। ਬਾਦਸ਼ਾਹ ਬਰਤਾਨੀਆਂ ਦੀ ਨਾਂ–ਮਾਤਰ ਕਾਰਜਪਾਲਿਕਾ ਹੁੰਦਾ ਹੈ। ਸ਼ਾਸਨ ਦੇ ਸਾਰੇ ਫੈਸਲੇ ਬਾਦਸ਼ਾਹ ਦੇ ਨਾਂ ਤੇ ਲਾਗੂ ਕੀਤੇ ਜਾਂਦੇ ਹਨ। ਸਾਰੀਆਂ ਸੰਧੀਆਂ, ਸਮਝੌਤੇ, ਉੱਚ ਨਿਯੁਕਤੀਆਂ ਆਦਿ ਬਾਦਸ਼ਾਹ ਦੇ ਨਾਂ ਤੇ ਹੀ ਕੀਤੇ ਜਾਂਦੇ ਹਨ। ਪ੍ਰੰਤੂ ਅਸਲ ਰੂਪ ਵਿੱਚ ਬਾਦਸ਼ਾਹ ਕੋਲ ਕੋਈ ਸ਼ਕਤੀ ਨਹੀਂ ਹੁੰਦੀ।

# 2. ਅਸਲੀ ਕਾਰਜਪਾਲਿਕਾ
# (Real Executive)


ਇੰਗਲੈਂਡ ਦੀ ਮੰਤਰੀ ਮੰਡਲ ਪ੍ਰਣਾਲੀ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਇੱਕ ਅਸਲੀ ਕਾਰਜਪਾਲਿਕਾ ਵੀ ਹੁੰਦੀ ਹੈ, ਜਿਹੜੀ ਕਿ ਮੰਤਰੀ ਮੰਡਲ ਹੈ। ਮੰਤਰੀ ਮੰਡਲ ਬਾਦਸ਼ਾਹ ਨੂੰ ਸ਼ਾਸਨ ਚਲਾਉਣ ਸੰਬੰਧੀ ਸਲਾਹ ਦਿੰਦਾ ਹੈ ਜਿਹੜੀ ਕਿ ਅਸਲ ਵਿੱਚ ਫੈਸਲਾ ਹੀ ਹੁੰਦੀ ਹੈ ਕਿਉਂਕਿ ਬਾਦਸ਼ਾਹ ਕਦੇ ਵੀ ਮੰਤਰੀਆਂ ਦੀ ਸਲਾਹ ਨੂੰ ਮੰਨਣ ਤੋਂ ਇਨਕਾਰ ਨਹੀਂ ਕਰਦਾ। ਮੰਤਰੀ ਮੰਡਲ ਹੀ ਸਮੁੱਚੇ ਸ਼ਾਸਨ ਦੇ ਸੰਚਾਲਨ ਲਈ ਸੰਸਦ ਅੱਗੇ ਅਤੇ ਜਨਤਾ ਅੱਗੇ ਜਿੰਮੇਵਾਰ ਹੁੰਦਾ ਹੈ।

# ਸੰਸਦੀ ਪ੍ਰਣਾਲ਼ੀ ਬਨਾਮ ਪ੍ਰਧਾਨਗੀ ਪ੍ਰਣਾਲ਼ੀ ਵਿੱਚ ਸਰਕਾਰ ਦੇ ਅੰਗ

## ਮੰਤਰੀ ਮੰਡਲ ਪ੍ਰਣਾਲ਼ੀ ਦੀ ਸਰਕਾਰ




## ਪ੍ਰਧਾਨਗੀ/ਰਾਸ਼ਟਰਪਤੀ ਪ੍ਰਣਾਲ਼ੀ ਦੀ ਸਰਕਾਰ



# 4. ਮੰਤਰੀ ਮੰਡਲ ਦੀ ਸਮੂਹਿਕ ਜ਼ਿੰਮੇਵਾਰੀ
# (Collective Responsibility of the Cabinet)

ਮੰਤਰੀ ਮੰਡਲ ਦੇ ਮੈਂਬਰ ਸਮੂਹਿਕ ਤੌਰ ਤੇ ਕਾਮਨਜ਼ ਸਦਨ ਅੱਗੇ ਉੱਤਰਦਾਈ ਹੁੰਦੇ ਹਨ। ਕੋਈ ਵੀ ਮੰਤਰੀ ਮੰਤਰੀ ਮੰਡਲ ਦੇ ਨਿਰਣੇ ਵਿਰੁੱਧ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਸਕਦਾ। ਇੱਕ ਵਿਭਾਗ ਦੀ ਕਾਰਗੁਜ਼ਾਰੀ ਲਈ ਵੀ ਸਾਰਾ ਮੰਤਰੀ ਮੰਡਲ ਜ਼ਿੰਮੇਵਾਰ ਹੁੰਦਾ ਹੈ। ਜੇਕਰ ਕਿਸੇ ਇੱਕ ਮੰਤਰੀ ਵਿਰੁੱਧ ਕਾਮਨਜ਼ ਸਦਨ ਅਵਿਸ਼ਵਾਸ਼ ਦਾ ਪ੍ਰਸਤਾਵ ਪਾਸ ਕਰ ਦੇਵੇ ਤਾਂ ਸਮੁੱਚੇ ਮੰਤਰੀ ਮੰਡਲ ਨੂੰ ਅਸਤੀਫਾ ਦੇਣਾ ਪੈਂਦਾ ਹੈ।

# 5. ਮੰਤਰੀਆਂ ਦੀ ਵਿਅਕਤੀਗਤ ਜਿੰਮੇਵਾਰੀ
# (Individual responsibility of Ministers)

ਮੰਤਰੀ ਮੰਡਲ ਦੀ ਸਮੂਹਿਕ ਜਿੰਮੇਵਾਰੀ ਦੇ ਨਾਲ-ਨਾਲ ਹਰੇਕ ਮੰਤਰੀ ਆਪਣੇ ਕੰਮਾਂ ਲਈ ਵਿਅਕਤੀਗਤ ਤੌਰ ਤੇ ਵੀ ਜਿੰਮੇਵਾਰ ਹੁੰਦਾ ਹੈ। ਹਰ ਵਿਭਾਗ ਦਾ ਮੰਤਰੀ ਆਪਣੇ ਵਿਭਾਗ ਦੇ ਪ੍ਰਸ਼ਾਸਨ ਦੇ ਸੰਚਾਲਨ ਲਈ ਵਿਅਕਤੀਗਤ ਤੌਰ ਤੇ ਜਿੰਮੇਵਾਰ ਹੁੰਦਾ ਹੈ। ਹਰ ਮੰਤਰੀ ਆਪਣੇ ਵਿਭਾਗ ਨਾਲ ਸੰਬੰਧਿਤ ਸੁਆਲਾਂ ਦੇ ਜਵਾਬ ਦਿੰਦਾ ਹੈ। ਜੇਕਰ ਕਿਸੇ ਮੰਤਰੀ ਨੇ ਕੋਈ ਫੈਸਲਾ ਸਮੁੱਚੇ ਮੰਤਰੀ ਮੰਡਲ ਨੂੰ ਭਰੋਸੇ ਵਿੱਚ ਲਏ ਬਿਨਾਂ ਕਰ ਲਿਆ ਹੋਵੇ ਅਤੇ ਅਜਿਹਾ ਫੈਸਲਾ ਮੰਤਰੀ ਮੰਡਲ ਲਈ ਨਮੋਸ਼ੀ ਦਾ ਕਾਰਨ ਬਣ ਜਾਵੇ ਤਾਂ ਪ੍ਰਧਾਨ ਮੰਤਰੀ ਅਜਿਹੇ ਮੰਤਰੀ ਨੂੰ ਅਸਤੀਫਾ ਦੇਣ ਲਈ ਕਹਿ ਸਕਦਾ ਹੈ।

# 6. ਬਾਦਸ਼ਾਹ ਮੰਤਰੀ ਮੰਡਲ ਦੀਆਂ ਬੈਠਕਾਂ ਵਿੱਚ ਭਾਗ ਨਹੀਂ ਲੈਂਦਾ
## (The King does not take part in the meetings of the Cabinet)

ਇੰਗਲੈਂਡ ਦੀ ਸੰਸਦੀ ਪ੍ਰਣਾਲੀ ਵਿੱਚ ਬਾਦਸ਼ਾਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਸੀ। ਪ੍ਰੰਤੂ 1714 ਵਿੱਚ ਜਾਰਜ–I ਨੇ ਮੰਤਰੀ ਮੰਡਲ ਦੀਆਂ ਬੈਠਕਾਂ ਵਿੱਚ ਭਾਗ ਲੈਣਾ ਛੱਡ ਦਿੱਤਾ ਸੀ। ਉਸਤੋਂ ਬਾਅਦ ਕੁੱਝ ਬਾਦਸ਼ਾਹਾਂ ਨੇ ਆਪਣੀ ਇਸ ਸ਼ਕਤੀ ਨੂੰ ਵਾਪਿਸ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਸਫਲ ਨਹੀਂ ਹੋਏ। ਹੁਣ ਮੰਤਰੀ ਮੰਡਲ ਦੀ ਬੈਠਕ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਕਰਦਾ ਹੈ। ਮੰਤਰੀ ਮੰਡਲ ਦੀ ਸਲਾਹ ਪ੍ਰਧਾਨ ਮੰਤਰੀ ਹੀ ਬਾਦਸ਼ਾਹ ਤੱਕ ਪਹੁੰਚਾਉਂਦਾ ਹੈ। ਪ੍ਰੰਤੂ 18 ਦਸੰਬਰ, 2012 ਨੂੰ ਮਹਾਰਾਣੀ ਐਲਿਜ਼ਾਬੇਥ II (Elizabeth-II) ਨੇ ਮੰਤਰੀ ਮੰਡਲ ਦੀ ਬੈਠਕ ਵਿੱਚ ਭਾਗ ਲਿਆ। ਮਹਾਰਾਣੀ ਨੂੰ ਉਸਦੇ ਸ਼ਾਸਨ ਦੇ 60 ਸਾਲ ਪੂਰੇ ਹੋਣ ਦੇ ਮੌਕੇ ਤੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਬੁਲਾਇਆ ਗਿਆ ਸੀ।

# 7. ਮੰਤਰੀ ਮੰਡਲ ਦਾ ਨੇਤਾ ਪ੍ਰਧਾਨ ਮੰਤਰੀ
# (Prime Minister is the leader of the Cabinet)

ਬਰਤਾਨਵੀ ਮੰਤਰੀ ਮੰਡਲ ਪ੍ਰਣਾਲੀ ਵਿੱਚ ਪ੍ਰਧਾਨ ਮੰਤਰੀ ਸਮੁੱਚੇ ਮੰਤਰੀ ਮੰਡਲ ਦਾ ਨੇਤਾ ਹੁੰਦਾ ਹੈ। ਮੰਤਰੀ ਮੰਡਲ ਦੀਆਂ ਮੀਟਿੰਗਾਂ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਹੁੰਦੀਆਂ ਹਨ। ਪ੍ਰਧਾਨ ਮੰਤਰੀ ਹੀ ਮੰਤਰੀਆਂ ਦੀ ਨਿਯੁਕਤੀ ਕਰਵਾਉਂਦਾ ਹੈ, ਉਹਨਾ ਵਿੱਚ ਮਹਿਕਮਿਆਂ ਦੀ ਵੰਡ ਕਰਦਾ ਹੈ ਅਤੇ ਜੇਕਰ ਕਿਸੇ ਮੰਤਰੀ ਦੇ ਕੰਮ ਤੋਂ ਸੰਤੁਸ਼ਟ ਨਾ ਹੋਵੇ ਤਾਂ ਉਸਨੂੰ ਅਸਤੀਫਾ ਦੇਣ ਲਈ ਵੀ ਕਹਿ ਸਕਦਾ ਹੈ।

# 8. ਰਾਜਨੀਤਿਕ ਇਕਰੂਪਤਾ
# (Political Homogeneity)

ਬਰਤਾਨਵੀ ਮੰਤਰੀ ਮੰਡਲ ਪ੍ਰਣਾਲੀ ਵਿੱਚ ਰਾਜਨੀਤਿਕ ਇਕਰੂਪਤਾ ਦਾ ਲੱਛਣ ਹੈ। ਇਸਦਾ ਭਾਵ ਹੈ ਕਿ ਮੰਤਰੀ ਪ੍ਰੀਸ਼ਦ ਦਾ ਨਿਰਮਾਣ ਸਿਰਫ ਸੱਤਾਧਾਰੀ ਦਲ ਜਾਂ ਦਲਾਂ ਵਿੱਚੋਂ ਹੀ ਕੀਤਾ ਜਾਂਦਾ ਹੈ। ਵਿਰੋਧੀ ਧਿਰ ਦਾ ਕੋਈ ਮੈਂਬਰ ਭਾਵੇਂ ਕਿੰਨਾ ਵੀ ਚੰਗਾ ਪ੍ਰਸ਼ਾਸਕ ਹੋਵੇ ਉਸਨੂੰ ਮੰਤਰੀ ਪ੍ਰੀਸ਼ਦ ਵਿੱਚ ਨਹੀਂ ਲਿਆ ਜਾ ਸਕਦਾ। ਅਜਿਹਾ ਸਰਕਾਰ ਦੇ ਕੁਸ਼ਲ ਸੰਚਾਲਨ ਲਈ ਜਰੂਰੀ ਹੈ। ਮੰਤਰੀ ਜਿਹੜੀ ਸਲਾਹ ਬਾਦਸ਼ਾਹ ਨੂੰ ਦਿੰਦੇ ਹਨ, ਉਹ ਸਲਾਹ ਸਮੁੱਚੇ ਮੰਤਰੀ ਮੰਡਲ ਦੀ ਸਲਾਹ ਹੁੰਦੀ ਹੈ। ਜੇਕਰ ਮੰਤਰੀਆਂ ਦੇ ਰਾਜਨੀਤਿਕ ਵਿਚਾਰਾਂ ਵਿੱਚ ਅੰਤਰ ਹੋਵੇਗਾ ਤਾਂ ਅਜਿਹੀ ਸਾਂਝੀ ਸਲਾਹ ਬਣਾਉਣ ਵਿੱਚ ਮੁਸ਼ਕਿਲ ਆ ਸਕਦੀ ਹੈ।

# 9. ਮੰਤਰੀ ਮੰਡਲ ਦੀਆਂ ਮੀਟਿੰਗਾਂ ਦੀ ਕਾਰਵਾਈ ਦੀ ਗੁਪਤਤਾ (Secrecy of proceedings of meetings of Cabinet)

ਮੰਤਰੀ ਮੰਡਲ ਦੀ ਕਾਰਵਾਈ ਨੂੰ ਗੁਪਤ ਰੱਖਿਆ ਜਾਂਦਾ ਹੈ। ਸਾਰੇ ਮੰਤਰੀਆਂ ਨੂੰ ਆਪਣੇ ਅਹੁਦੇ ਦੀ ਸਹੁੰ ਨਾਲ ਮੰਤਰੀ ਮੰਡਲ ਦੀ ਕਾਰਵਾਈ ਨੂੰ ਗੁਪਤ ਰੱਖਣ ਦੀ ਸਹੁੰ ਵੀ ਖਾਣੀ ਪੈਂਦੀ ਹੈ। ਮੰਤਰੀ ਮੰਡਲ ਦੀ ਬੈਠਕ ਵਿੱਚ ਸਾਰੇ ਮੰਤਰੀ ਸੰਬੰਧਿਤ ਵਿਸ਼ੇ ਤੇ ਆਪੋ-ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਇਹਨਾ ਵਿਚਾਰਾਂ ਵਿੱਚ ਵਿਰੋਧਾਭਾਸ ਵੀ ਹੋ ਸਕਦਾ ਹੈ, ਪ੍ਰੰਤੂ ਇਹ ਸਾਰੀ ਕਾਰਵਾਈ ਗੁਪਤ ਹੀ ਰੱਖੀ ਜਾਂਦੀ ਹੈ ਅਤੇ ਅਖੀਰ ਵਿੱਚ ਲਿਆ ਗਿਆ ਫੈਸਲਾ ਹੀ ਜਨਤਕ ਹੁੰਦਾ ਹੈ। ਕਿਹੜਾ ਮੰਤਰੀ ਅਜਿਹੇ ਨਿਰਣੇ ਦੇ ਹੱਕ ਵਿੱਚ ਸੀ ਅਤੇ ਕਿਹੜਾ ਵਿਪੱਖ ਵਿੱਚ ਇਹ ਭੇਦ ਬੈਠਕ ਤੋਂ ਬਾਹਰ ਨਹੀਂ ਦੱਸਿਆ ਜਾ ਸਕਦਾ। ਮੰਤਰੀ ਮੰਡਲ ਦਾ ਫੈਸਲਾ ਸਮੁੱਚੇ ਮੰਤਰੀ ਮੰਡਲ ਦਾ ਮੰਨਿਆਂ ਜਾਂਦਾ ਹੈ, ਮੰਤਰੀਆਂ ਦੇ ਬਹੁਮਤ ਦਾ ਨਹੀਂ।

# 10. ਮੰਤਰੀ ਪ੍ਰੀਸ਼ਦ ਦਾ ਅਨਿਸ਼ਿਚਿਤ ਕਾਰਜਕਾਲ (Uncertain tenure of the Council of Ministers)

ਬਰਤਾਨਵੀ ਮੰਤਰੀ ਪ੍ਰੀਸ਼ਦ ਦਾ ਕਾਰਜਕਾਲ ਨਿਸ਼ਚਿਤ ਨਹੀਂ ਹੈ। ਮੰਤਰੀ ਉਦੋਂ ਤੱਕ ਆਪਣੇ ਅਹੁਦੇ ਤੇ ਰਹਿੰਦੇ ਹਨ, ਜਿੰਨਾ ਚਿਰ ਤੱਕ ਉਹਨਾ ਨੂੰ ਕਾਮਨਜ਼ ਸਦਨ ਦੇ ਬਹੁਮਤ ਦਾ ਵਿਸ਼ਵਾਸ਼ ਹਾਸਲ ਰਹਿੰਦਾ ਹੈ। ਕਾਮਨਜ਼ ਸਦਨ ਕਦੇ ਵੀ ਮੰਤਰੀ ਪ੍ਰੀਸ਼ਦ ਨੂੰ ਅਸਤੀਫਾ ਦੇਣ ਲਈ ਮਜਬੂਰ ਕਰ ਸਕਦਾ ਹੈ।

# 11. ਮੰਤਰੀ ਮੰਡਲ ਦੀਆਂ ਸੰਮਤੀਆਂ (Committees of Cabinet)

- ਮੰਤਰੀ ਮੰਡਲ ਦੇ ਕੰਮਾਂ ਵਿੱਚ ਬਹੁਤ ਵਾਧਾ ਹੋ ਜਾਣ ਕਾਰਨ ਇਸ ਵਿੱਚ ਸੰਮਤੀ ਪ੍ਰਣਾਲੀ ਅਪਣਾ ਲਈ ਗਈ ਹੈ। ਕੁੱਝ ਸੰਮਤੀਆਂ ਕਿਸੇ ਵਿਸ਼ੇਸ਼ ਮੁੱਦੇ ਜਾਂ ਸਮੱਸਿਆ ਤੇ ਬਣਦੀਆਂ ਹਨ। ਅਜਿਹੀਆਂ ਸੰਮਤੀਆਂ ਵਿਚਾਰ ਵਟਾਂਦਰਾ ਕਰਕੇ ਮੰਤਰੀ ਮੰਡਲ ਨੂੰ ਰਿਪੋਰਟ ਦਿੰਦੀਆਂ ਹਨ ਅਤੇ ਸਮਾਪਤ ਹੋ ਜਾਂਦੀਆਂ ਹਨ। ਕੁੱਝ ਸੰਮਤੀਆਂ ਸਥਾਈ ਰੂਪ ਵਿੱਚ ਬਣਦੀਆਂ ਹਨ। ਮੰਤਰੀ ਮੰਡਲ ਦੀਆਂ ਮੁੱਖ ਸਥਾਈ ਸੰਮਤੀਆਂ ਹੇਠ ਲਿਖੀਆਂ ਹਨ–
- i. ਰੱਖਿਆ ਸੰਮਤੀ (Defence Committee)
- ii. ਅਸੈਨਿਕ ਸੁਰੱਖਿਆ ਸੰਮਤੀ (Civil Defence Committee)
- iii. ਵਿਧਾਨਕਾਰੀ ਸੰਮਤੀ (Legislation Committee)
- iv. ਆਰਥਿਕ ਨੀਤੀ ਸੰਮਤੀ (Economic Policy Committee)
- v. ਰਾਸ਼ਟਰਮੰਡਲ ਦੇ ਮਾਮਲਿਆਂ ਨਾਲ ਸੰਬੰਧਿਤ ਸੰਮਤੀ (Commonwealth Affairs Committee)
- vi. ਉਤਪਾਦਨ ਸੰਮਤੀ (Production Committee)
- vii. ਮਾਨਵ ਸ਼ਕਤੀ ਸੰਮਤੀ (Committee of Man Power)
- viii. ਭਵਿੱਖ ਦੇ ਕਾਨੂੰਨਾਂ ਨਾਲ ਸੰਬੰਧਿਤ ਸੰਮਤੀ (Future Legislation Committee)
- ix. ਉਦਯੋਗਾਂ ਦੇ ਸਮਾਜੀਕਰਨ ਨਾਲ ਸੰਬੰਧਿਤ ਸੰਮਤੀ (Committee on the Socialisation of Industries)
- x. ਸੂਚਨਾ ਸੇਵਾਵਾਂ ਸੰਬੰਧੀ ਸੰਮਤੀ (Information Services Committee)


# 12. ਸੰਸਦ ਦੇ ਹੇਠਲੇ ਸਦਨ ਨੂੰ ਭੰਗ ਕਰਾਉਣ ਦੀ ਪ੍ਰਧਾਨ ਮੰਤਰੀ ਦੀ ਸ਼ਕਤੀ (Power of the PM to get the Lower House dissolved)

ਕਾਮਨਜ਼ ਸਦਨ ਦੀ ਮਿਆਦ ਪੰਜ ਸਾਲ ਹੈ। ਪ੍ਰੰਤੂ ਜੇਕਰ ਪ੍ਰਧਾਨ ਮੰਤਰੀ ਪੰਜ ਸਾਲ ਦੇ ਸਮੇਂ ਤੋਂ ਪਹਿਲਾਂ ਹੀ ਬਾਦਸ਼ਾਹ ਨੂੰ ਕਾਮਨਜ਼ ਸਦਨ ਨੂੰ ਭੰਗ ਕਰਨ ਦੀ ਸਲਾਹ ਦੇ ਦੇਵੇ ਤਾਂ ਬਾਦਸ਼ਾਹ ਕਾਮਨਜ਼ ਸਦਨ ਨੂੰ ਭੰਗ ਕਰਕੇ ਨਵੀਆਂ ਚੋਣਾਂ ਦਾ ਐਲਾਨ ਕਰ ਦਿੰਦਾ ਹੈ।

# 13. ਵਿਰੋਧੀ ਦਲ ਦੀ ਹੋਂਦ
# (Existence of the Opposition)

ਬਰਤਾਨਵੀ ਮੰਤਰੀ ਮੰਡਲ ਪ੍ਰਣਾਲੀ ਵਿੱਚ ਕਾਮਨਜ਼ ਸਦਨ ਵਿੱਚ ਬਹੁਮਤ ਪ੍ਰਾਪਤ ਕਰ ਲੈਣ ਵਾਲ਼ਾ ਰਾਜਨੀਤਿਕ ਦਲ ਮੰਤਰੀ ਪ੍ਰੀਸ਼ਦ ਦਾ ਗਠਨ ਕਰਦਾ ਹੈ ਅਤੇ ਸੱਤਾਧਾਰੀ ਦਲ ਅਖਵਾਉਂਦਾ ਹੈ। ਕਾਮਨਜ਼ ਸਦਨ ਵਿੱਚ ਆਮ ਕਰਕੇ ਦੂਸਰੇ ਸਭ ਤੋਂ ਵੱਡੇ ਦਲ ਨੂੰ ਸਰਕਾਰੀ ਤੌਰ ਤੇ ਵਿਰੋਧੀ ਦਲ ਦਾ ਦਰਜਾ ਦਿੱਤਾ ਜਾਂਦਾ ਹੈ। ਵਿਰੋਧੀ ਧਿਰ ਆਪਣੀ ਜਿੰਮੇਵਾਰੀ ਮੰਤਰੀ ਮੰਡਲ ਦੇ ਕੰਮਾਂ ਦੀ ਉਸਾਰੂ ਆਲੋਚਨਾ ਕਰਕੇ ਨਿਭਾਉਂਦੀ ਹੈ। ਇਸ ਮਕਸਦ ਲਈ ਵਿਰੋਧੀ ਧਿਰ 'ਪ੍ਰਛਾਵਾਂ ਮੰਤਰੀ ਮੰਡਲ' (Shadow Cabinet) ਬਣਾਉਂਦੀ ਹੈ। ਪ੍ਰਛਾਵਾਂ ਮੰਤਰੀ ਮੰਡਲ ਦੇ ਮੈਂਬਰ ਮੰਤਰੀਆਂ ਦੇ ਵਿਭਾਗਾਂ ਦੇ ਪ੍ਰਸ਼ਾਸਨ ਤੇ ਗਹਿਰੀ ਨਜ਼ਰ ਰੱਖਦੇ ਹਨ ਅਤੇ ਕੋਈ ਵੀ ਗਲਤੀ ਹੋ ਜਾਣ ਤੇ ਇਸਨੂੰ ਸੰਸਦ ਅਤੇ ਲੋਕਾਂ ਦੇ ਸਾਹਮਣੇ ਲਿਆਉਂਦੇ ਹਨ। ਵਿਰੋਧੀ ਧਿਰ ਦੀ ਮਹੱਤਤਾ ਨੂੰ ਸਮਝਦੇ ਹੋਏ ਇਸਦੇ ਨੇਤਾ ਨੂੰ ਕੈਬਨਿਟ ਮੰਤਰੀ ਦੇ ਸਮਾਨ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

# ਵਿਰੋਧੀ ਦਲ ਦੀ ਹੋਂਦ



# ਸਿੱਟਾ
# (Conclusion)

ਮੰਤਰੀ ਮੰਡਲ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਤੋਂ ਇਹ ਸਪੱਸ਼ਟ ਹੈ ਕਿ ਇਹ ਸੰਸਥਾ ਬਰਤਾਨੀਆਂ ਦੀ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਸੰਸਥਾ ਹੈ। ਮੰਤਰੀ ਮੰਡਲ ਦਾ ਨਿਰਮਾਣ ਕਾਮਨਜ਼ ਸਦਨ ਵਿੱਚ ਬਹੁਮਤ ਦੇ ਆਧਾਰ ਤੇ ਹੁੰਦਾ ਹੈ ਅਤੇ ਮੰਤਰੀ ਉਦੋਂ ਤੱਕ ਆਪਣੇ ਅਹੁਦੇ ਤੇ ਰਹਿੰਦੇ ਹਨ, ਜਿੰਨਾ ਚਿਰ ਇਸ ਸਦਨ ਦੇ ਬਹੁਮਤ ਨੂੰ ਉਹਨਾ ਤੇ ਵਿਸ਼ਵਾਸ਼ ਰਹੇ। ਮੰਤਰੀ ਇੱਕ ਟੀਮ ਵਾਂਗ ਕੰਮ ਕਰਦੇ ਹਨ। ਇਸ ਟੀਮ ਭਾਵਨਾ ਨੇ ਮੰਤਰੀ ਮੰਡਲ ਦੀ ਸਥਿਤੀ ਅਤੇ ਰੁਤਬੇ ਨੂੰ ਬਹੁਤ ਮਜ਼ਬੂਤ ਕਰ ਦਿੱਤਾ ਹੈ।




ਪ੍ਰੋ. ਜੋਗਿੰਦਰ ਸਿੰਘ ਖਟੜਾ

ਰਾਜਨੀਤੀ ਸ਼ਾਸਤਰ ਵਿਭਾਗ

ਅਕਾਲ ਡਿਗਰੀ ਕਾਲਜ ਮਸਤੂਆਣਾ